Administrative
Appeals Tribunal

ਤੱਥ ਸ਼ੀਟ

# ਪਾਰਟਨਰ/ਸਾਥੀ ਵੀਜ਼ਾ (ਜੀਵਨਸਾਥੀ/ਪਤੀ/ਪਤਨੀ ਜਾਂ ਡੀ ਫੈਕਟੋ)

ਇਹ ਤੱਥ ਸ਼ੀਟ ਗ੍ਰਹਿ ਮੰਤਰਾਲੇ (ਵਿਭਾਗ) ਦੁਆਰਾ ਸਾਥੀ ਵੀਜ਼ਾ ਦੇਣ ਤੋਂ ਇਨਕਾਰ ਕਰਨ ਦੇ ਫੈਸਲੇ ਦੀ ਏ.ਏ.ਟੀ ਸਮੀਖਿਆ ਬਾਰੇ ਪ੍ਰਸ਼ਨਾਂ ਦੇ ਜਵਾਬ ਦਿੰਦੀ ਹੈ।

## ਏ.ਏ.ਟੀ ਨੂੰ ਫੈਸਲਾ ਲੈਣ ਲਈ ਕੀ ਚਾਹੀਦਾ ਹੈ?

ਏ.ਏ.ਟੀ. ਨੂੰ ਇਸ ਬਾਰੇ ਫੈਸਲਾ ਕਰਨ ਦੀ ਜ਼ਰੂਰਤ ਹੈ ਕਿ ਤੁਸੀਂ ਮਾਈਗ੍ਰੇਸ਼ਨ ਕਾਨੂੰਨ ਦੇ ਨਿਯਮਾਂ ਦੇ ਤਹਿਤ ਆਪਣੇ ਪਤੀ ਜਾਂ ਪਤਨੀ (ਵਿਆਹੁਤਾ) ਜਾਂ ਤੁਹਾਡੀ ਅਰਜ਼ੀ ਦੇ ਪ੍ਰਾਯੋਜਕ ਨਾਲ ਅਸਲ ਵਿੱਚ ਸੰਬੰਧਿਤ ਹੋ ਜਾਂ ਨਹੀਂ।।

ਇਹਨਾਂ ਨਿਯਮਾਂ ਦੇ ਤਹਿਤ, ਏ.ਏ.ਟੀ ਨੂੰ ਸੰਤੁਸ਼ਟ ਹੋਣਾ ਚਾਹੀਦਾ ਹੈ ਕਿ:

- ਬਾਕੀ ਸਭਨਾਂ ਤੋਂ ਅਲੱਗ (ਸਭਨਾਂ ਨੂੰ ਛੱਡ ਕੇ), ਸਾਂਝਾ ਜੀਵਨ ਜੀਉਣ ਲਈ ਆਪਸੀ ਵਚਨਬੱਧਤਾ ਹੈ।
- ਰਿਸ਼ਤਾ ਸੱਚਾ ਹੈ ਅਤੇ ਜਾਰੀ ਹੈ
- ਤੁਸੀਂ ਇਕੱਠੇ ਰਹਿੰਦੇ ਹੋ, ਜਾਂ ਸਥਾਈ ਅਧਾਰ 'ਤੇ ਅਲੱਗ ਜਾਂ ਦੂਰ ਨਹੀਂ ਰਹਿੰਦੇ ਹੋ, ਅਤੇ
- ਤੁਹਾਡਾ ਵਿਆਹ, ਮਾਈਗ੍ਰੇਸ਼ਨ ਐਕਟ 1958 ਦੇ ਉਦੇਸ਼ਾਂ ਲਈ ਜਾਇਜ਼ ਹੈ ਜਾਂ ਤੁਹਾਡਾ ਸਾਥੀ ਭਾਈਵਾਲ, ਪਰਿਵਾਰ ਦੁਆਰਾ ਸਬੰਧਿਤ ਨਹੀਂ ਹੈ।

ਏ.ਏ.ਟੀ ਰਿਸ਼ਤੇ ਦੇ ਸਾਰੇ ਹਾਲਾਤਾਂ 'ਤੇ ਵਿਚਾਰ ਕਰੇਗੀ, ਅਤੇ ਖਾਸ ਤੌਰ' ਤੇ:

- ਤੁਹਾਡੇ ਰਿਸ਼ਤੇ ਦੇ ਵਿੱਤੀ ਪਹਿਲੂ
- ਤੁਹਾਡੇ ਘਰੇਲੂ ਪਰਿਵਾਰ ਦੀ ਕਿਸਮ
- ਤੁਹਾਡੇ ਰਿਸ਼ਤੇ ਦੇ ਸਮਾਜਿਕ ਪਹਿਲੂ
- ਇਕ ਦੂਜੇ ਪ੍ਰਤੀ ਵਚਨਬੱਧਤਾ

## ਆਪਣੀ ਸਮੀਖਿਆ ਦਾ ਸਮਰਥਨ ਕਰਨ ਲਈ ਮੈਂ ਏ.ਏ.ਟੀ. ਨੂੰ ਕਿਹੜੀ ਜਾਣਕਾਰੀ ਦੇ ਸਕਦਾ ਹਾਂ?

ਤੁਸੀਂ ਸਾਨੂੰ ਅਜਿਹੀ ਕੋਈ ਜਾਣਕਾਰੀ ਦੇ ਸਕਦੇ ਹੋ ਜੋ ਤੁਹਾਡੇ ਕੇਸ ਦਾ ਸਮਰਥਨ ਕਰੇ। ਸਾਨੂੰ ਦੇਣ ਲਈ ਸਭ ਤੋਂ ਮਦਦਗਾਰ ਜਾਣਕਾਰੀ ਦੀਆਂ ਉਦਾਹਰਣਾਂ ਵਿੱਚ ਸ਼ਾਮਲ ਹਨ:

- ਤੁਹਾਡੇ ਹਲਾਤਾਂ ਬਾਰੇ ਤੁਹਾਡੇ ਦੁਆਰਾ ਹਸਤਾਖਰ ਕੀਤਾ ਇੱਕ ਬਿਆਨ।
- ਸੰਯੁਕਤ ਵਿੱਤੀ ਪ੍ਰਬੰਧਾਂ ਦਾ ਸਬੂਤ, ਜਿਵੇਂ ਕਿ ਬੈਂਕ ਸਟੇਟਮੈਂਟਸ, ਰੀਅਲ ਅਸਟੇਟ ਵੇਰਵੇ, ਵਸੀਅਤ, ਕਰਜ਼ੇ, ਬਿੱਲਾਂ, ਪੈਨਸ਼ਨ ਆਦਿ ਦੇ ਦਸਤਾਵੇਜ਼।
- ਘਰੇਲੂ ਪ੍ਰਬੰਧ, ਜਿਵੇਂ ਕਿ ਰਹਿਣ-ਸਹਿਣ ਦੇ ਪ੍ਰਬੰਧ ਅਤੇ ਘਰ ਦੇ ਕੰਮਾਂ ਦੀ ਵੰਡ
- ਰਿਸ਼ਤੇ ਵਿਚ ਵਾਪਰੀਆਂ ਮਹੱਤਵਪੂਰਣ ਘਟਨਾਵਾਂ ਦੀ ਇਕ ਸਮਾਂ-ਸਾਰਣੀ
- ਮਹੱਤਵਪੂਰਣ ਪ੍ਰੋਗਰਾਮਾਂ ਦੇ ਸਬੂਤ, ਜਿਵੇਂ ਕਿ ਮੰਗਣੀ ਵਾਲੇ ਸਮਾਰੋਹ, ਵਿਆਹ ਦੀ ਰਿਸੈਪਸ਼ਨ, ਹਨੀਮੂਨ, ਆਦਿ ਦੀਆਂ ਫੋਟੋਆਂ (ਕਿਰਪਾ ਕਰਕੇ ਵੱਧ ਤੋਂ ਵੱਧ 20 ਤਕ ਸੀਮਿਤ ਕਰੋ, ਵੇਰਵੇ ਅਤੇ ਉਨ੍ਹਾਂ ਲੋਕਾਂ ਦੇ ਨਾਮ, ਜੋ ਦਿਖਾਈ ਦਿੰਦੇ ਹਨ ਨੂੰ ਨਾਲ ਲਿਖੋ)।
- ਹੋਰ ਮਹੱਤਵਪੂਰਨ ਘਟਨਾਵਾਂ ਦੇ ਸਬੂਤ, ਜਿਵੇਂ ਕਿ ਯਾਤਰਾਵਾਂ ਅਤੇ ਸੰਯੁਕਤ ਯਾਤਰਾ ਲਈ ਰਸੀਦਾਂ।
- ਤੁਹਾਡੇ ਰਿਸ਼ਤੇ ਦੀ ਮਿਆਦ ਦੌਰਾਨ ਚੱਲ ਰਹੇ ਸੰਪਰਕ ਦਾ ਸਬੂਤ, ਜਿਵੇਂ ਕਿ ਈਮੇਲਾਂ, ਫੋਨ ਕਾਲਾਂ, ਚਿੱਠੀਆਂ, ਚੈਟ ਇਤਿਹਾਸ, ਵੀਡੀਓ ਕਾਨਫਰੰਸਿੰਗ (ਕਿਰਪਾ ਕਰਕੇ ਵੱਧ ਤੋਂ ਵੱਧ 50 ਪੰਨਿਆਂ ਤੱਕ ਸੀਮਿਤ ਕਰੋ)।
- ਪ੍ਰਮਾਣਿਤ ਜਨਮ ਸਰਟੀਫਿਕੇਟ ਅਤੇ ਰਿਸ਼ਤੇ ਵਿੱਚ ਜਨਮੇ ਬੱਚਿਆਂ ਲਈ ਸਾਂਝੇ ਜ਼ਿੰਮੇਵਾਰੀ ਦਾ ਸਬੂਤ।
- ਇਸ ਗੱਲ ਦਾ ਸਬੂਤ ਕਿ ਤੁਸੀਂ ਆਪਣੇ ਆਪ ਨੂੰ ਸਮਾਜਿਕ ਤੌਰ ਤੇ ਇੱਕ ਜੋੜੇ ਦੇ ਰੂਪ ਵਿੱਚ ਪੇਸ਼ ਕਰਦੇ ਹੋ, ਜਿਵੇਂ ਕਿ ਸਮਾਜਿਕ ਗਤੀਵਿਧੀਆਂ ਲਈ ਸਾਂਝੇ ਸੱਦੇ ਜਾਂ ਸਮਾਜਕ ਸਥਿਤੀਆਂ ਵਿੱਚ ਤੁਹਾਡੀਆਂ ਫੋਟੋਆਂ।

ਇਹ ਤੱਥ ਸ਼ੀਟ ਕੇਵਲ ਆਮ ਜਾਣਕਾਰੀ ਪ੍ਰਦਾਨ ਕਰਦੀ ਹੈ. ਇਹ ਤੁਹਾਡੇ ਕੇਸ ਬਾਰੇ ਕਾਨੂੰਨੀ ਸਲਾਹ ਨਹੀਂ ਹੈ. ਜੇ ਤੁਹਾਡੇ ਕੋਲ ਕਾਨੂੰਨ ਬਾਰੇ ਕੋਈ ਸਵਾਲ ਹੈ ਜਾਂ ਇਹ ਤੁਹਾਡੇ ਕੇਸ ਤੇ ਕਿਵੇਂ ਲਾਗੂ ਹੁੰਦਾ ਹੈ, ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ.

- ਦੂਜੇ ਲੋਕਾਂ ਤੋਂ ਜਾਣਕਾਰੀ ਜੋ ਰਿਸ਼ਤੇ ਦੀ ਤਸਦੀਕ ਕਰ ਸਕਦੀ ਹੈ।
- ਸਬੂਤ ਜੋ ਦੱਸਦੇ ਹਨ ਕਿ ਵਿਭਾਗ ਦੇ ਫੈਸਲੇ ਵਿਚ ਵਿਸ਼ੇਸ਼ ਜਾਣਕਾਰੀ ਕਿਉਂ ਗ਼ਲਤ ਹੈ।

## ਜਾਣਕਾਰੀ ਦੀ ਮਿਆਦ ਕਿੰਨੇ ਸਮੇ ਦੀ ਹੋਣੀ ਚਾਹੀਦੀ ਹੈ?

ਏ.ਏ.ਟੀ. ਲਾਜ਼ਮੀ ਤੌਰ 'ਤੇ ਫੈਸਲਾ ਲੈਣ ਵੇਲੇ ਤੁਹਾਡੇ ਰਿਸ਼ਤੇ ਦੇ ਹਾਲਾਤਾਂ' ਤੇ ਧਿਆਨ ਦੇਵੇਗਾ ਜਦੋਂ ਤੁਸੀਂ ਵੀਜ਼ਾ ਅਰਜ਼ੀ ਦਾਖਲ ਕੀਤੀ ਸੀ।

ਜੇ ਤੁਸੀਂ ਕਿਸੇ ਡੀ ਫੈਕਟੋ ਰਿਸ਼ਤੇ ਵਿੱਚ ਹੋ, ਤੁਹਾਨੂੰ ਸਾਨੂੰ ਸਬੂਤ ਦੇਣਾ ਚਾਹੀਦਾ ਹੈ ਜੋ ਕਿ ਇਹ ਸਥਾਪਤ ਕਰਦਾ ਹੈ ਕੀ:

- ਵੀਜ਼ਾ ਅਰਜ਼ੀ ਦਾਖਲ ਹੋਣ ਤੋਂ ਘੱਟੋ ਘੱਟ 12 ਮਹੀਨੇ ਪਹਿਲਾਂ ਇਹ ਰਿਸ਼ਤਾ ਮੌਜੂਦ ਸੀ।
- ਤੁਹਾਡਾ ਰਿਸ਼ਤਾ ਰਜਿਸਟਰਡ ਹੈ, ਜਾਂ
- ਤੁਸੀਂ ਵੀਜ਼ਾ ਅਰਜ਼ੀ ਦਾਖਲ ਕਰਨ ਦੀ ਮਿਤੀ ਤੋਂ 12 ਮਹੀਨਿਆਂ ਤੋਂ ਪਹਿਲਾਂ ਦੇ ਸਮੇਂ ਦੇ ਸੰਬੰਧ ਵਿਚ ਨਹੀਂ ਸੀ, ਪਰ ਵੀਜ਼ਾ ਦੇਣ ਲਈ ਮਜਬੂਰ ਕਰਨ ਵਾਲੇ ਅਤੇ ਹਮਦਰਦੀ ਵਾਲੇ ਕਾਰਨ ਹਨ।

## ਕੀ ਹੁੰਦਾ ਹੈ ਜਦੋਂ ਮੈਂ ਵਿਆਹ ਰਜਿਸਟਰ ਕਰਵਾਉਂਦਾ ਹਾਂ ਜਦੋਂ ਐਪਲੀਕੇਸ਼ਨ ਏ.ਏ.ਟੀ. ਦੇ ਸਾਹਮਣੇ ਹੈ?

ਤੁਹਾਨੂੰ ਜਲਦੀ ਤੋਂ ਜਲਦੀ ਸਾਨੂੰ ਦੱਸਣਾ ਚਾਹੀਦਾ ਹੈ ਅਤੇ ਸਾਨੂੰ ਵਿਆਹ ਦੇ ਸਰਟੀਫਿਕੇਟ ਦੀ ਇਕ ਕਾਪੀ ਦੇਣੀ ਚਾਹੀਦੀ ਹੈ।

## ਜੇ ਮੈਂ ਹੁਣ ਰਿਸ਼ਤੇ ਵਿਚ ਨਹੀਂ ਹਾਂ ਤਾਂ ਕੀ ਹੋਵੇਗਾ?

ਤੁਹਾਨੂੰ ਅਜੇ ਵੀ ਪਾਰਟਨਰ ਵੀਜ਼ਾ ਦਿੱਤਾ ਜਾ ਸਕਦਾ ਹੈ ਜੇ:

- ਤੁਹਾਡੇ ਰਿਸ਼ਤੇ ਤੋਂ ਬੱਚੇ ਹਨ ਜਾਂ ਰਿਸ਼ਤੇ ਦੇ ਬੱਚਿਆਂ ਪ੍ਰਤੀ ਕਾਨੂੰਨੀ ਜ਼ਿੰਮੇਵਾਰੀਆਂ ਹਨ।
- ਤੁਸੀਂ ਆਪਣੇ ਰਿਸ਼ਤੇ ਦੌਰਾਨ ਪਰਿਵਾਰਕ ਹਿੰਸਾ ਦਾ ਅਨੁਭਵ ਕੀਤਾ।
- ਤੁਹਾਡੇ ਸਪਾਂਸਰ ਸਾਥੀ ਦੀ ਮੌਤ ਹੋ ਗਈ ਹੈ।

ਜੇ ਤੁਸੀਂ ਹੁਣ ਸਪਾਂਸਰ ਕਰਨ ਵਾਲੇ ਸਾਥੀ ਨਾਲ ਰਿਸ਼ਤੇ ਵਿੱਚ ਨਹੀਂ ਹੋ, ਤਾਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਸਾਨੂੰ ਦੱਸ ਦੇਣਾ ਚਾਹੀਦਾ ਹੈ। ਤੁਹਾਨੂੰ ਸਾਨੂੰ ਇਹ ਵੀ ਦੱਸ ਦੇਣਾ ਚਾਹੀਦਾ ਹੈ ਕਿ ਜੇ ਤੁਸੀਂ ਉਪਰੋਕਤ ਕਿਸੇ ਵੀ ਅਪਵਾਦ (exceptions) 'ਤੇ ਨਿਰਭਰ ਹੋ।

## ਮੈਨੂੰ ਆਪਣੀ ਜਾਣਕਾਰੀ ਏ.ਏ.ਟੀ. ਨੂੰ ਕਦੋਂ ਦੇਣੀ ਚਾਹੀਦੀ ਹੈ?

ਤੁਹਾਨੂੰ ਜਿੰਨੀ ਜਲਦੀ ਹੋ ਸਕੇ ਸਾਨੂੰ ਜਾਣਕਾਰੀ ਦੇਣੀ ਚਾਹੀਦੀ ਹੈ। ਜੇ ਏ.ਏ.ਟੀ. ਉਸ ਜਾਣਕਾਰੀ ਤੋਂ ਸੰਤੁਸ਼ਟ ਹੈ ਜੋ ਤੁਸੀਂ ਸਾਨੂੰ ਦਿੰਦੇ ਹੋ, ਤਾਂ ਸੁਣਵਾਈ ਦੀ ਜ਼ਰੂਰਤ ਤੋਂ ਬਿਨਾਂ ਅਨੁਕੂਲ ਫੈਸਲਾ ਸੰਭਵ ਹੋ ਸਕਦਾ ਹੈ। ਇਸਦਾ ਅਰਥ ਹੈ ਕਿ ਤੁਸੀਂ ਜਲਦੀ ਆਪਣੀ ਅਰਜ਼ੀ ਤੇ ਨਤੀਜਾ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ।

### *ਸੁਣਵਾਈ ਵੇਲੇ ਸਬੂਤ ਦੇਣਾ*

ਜੇ ਤੁਹਾਨੂੰ ਕਿਸੇ ਸੁਣਵਾਈ ਵਿਚ ਸ਼ਾਮਲ ਹੋਣ ਦੀ ਲੋੜ ਹੁੰਦੀ ਹੈ, ਤਾਂ ਏ.ਏ.ਟੀ. ਮੈਂਬਰ ਤੁਹਾਡੀ ਅਰਜ਼ੀ ਬਾਰੇ ਤੁਹਾਨੂੰ ਪੁੱਛੇਗਾ ਅਤੇ ਤੁਹਾਡੇ ਦੁਆਰਾ ਪੇਸ਼ ਕੀਤੀ ਗਈ ਸਾਰੀ ਜਾਣਕਾਰੀ 'ਤੇ ਵਿਚਾਰ ਕਰੇਗਾ। ਆਮ ਤੌਰ ਤੇ, ਇਸ ਵਿੱਚ ਉਹ ਦਸਤਾਵੇਜ਼ ਸ਼ਾਮਲ ਹੋਣਗੇ ਜੋ ਤੁਸੀਂ ਸਾਨੂੰ ਆਪਣੇ ਕੇਸ ਬਾਰੇ ਦਿੱਤੇ ਹਨ। ਸੁਣਵਾਈ ਤੋਂ 7 ਦਿਨ ਪਹਿਲਾਂ ਤਕ ਤੁਹਾਨੂੰ ਸਾਨੂੰ ਸਾਰੀ ਜਾਣਕਾਰੀ ਦੇਣੀ ਹੋਵੇਗੀ, ਜਾਂ ਪਹਿਲਾਂ ਸਾਡੇ ਦੁਆਰਾ ਤੁਹਾਨੂੰ ਸਾਨੂੰ ਕੋਈ ਜਾਣਕਾਰੀ ਦੇਣ ਲਈ ਦੱਸੀ ਗਈ ਮਿਤੀ ਤਕ, ਕਿਹਾ ਜਾ ਸਕਦਾ ਹੈ।

ਤੁਸੀਂ ਕੋਈ ਵੀ ਜਾਣਕਾਰੀ ਜੋ ਏ.ਏ.ਟੀ. ਮੈਂਬਰ ਨੂੰ ਪੇਸ਼ ਕਰਦੇ ਹੋ ਤਾਂ ਇਹ ਮਹੱਤਵਪੂਰਨ ਪ੍ਰਮਾਣ ਹਨ। ਸੁਣਵਾਈ ਤੋਂ ਪਹਿਲਾਂ ਇਸ ਸਬੂਤ ਨੂੰ ਚੰਗੀ ਤਰ੍ਹਾਂ ਤਿਆਰ ਕਰਨਾ ਤੁਹਾਨੂੰ ਆਪਣਾ ਕੇਸ ਪੇਸ਼ ਕਰਨ ਅਤੇ ਏ.ਏ.ਟੀ.ਮੈਂਬਰ ਨੂੰ ਫੈਸਲਾ ਲੈਣ ਵਿੱਚ ਸਹਾਇਤਾ ਕਰ ਸਕਦਾ ਹੈ।

## ਜੇ ਤੁਹਾਡੇ ਕੋਈ ਪ੍ਰਸ਼ਨ ਹਨ ਤਾਂ ਸਾਡੇ ਨਾਲ ਸੰਪਰਕ ਕਰੋ

- ਟੈਲੀਫੋਨ: **1800 228 333**
- ਈਮੇਲ: mrdivision@aat.gov.au
- www.aat.gov.au

ਇਹ ਤੱਥ ਸ਼ੀਟ ਕੇਵਲ ਆਮ ਜਾਣਕਾਰੀ ਪ੍ਰਦਾਨ ਕਰਦੀ ਹੈ. ਇਹ ਤੁਹਾਡੇ ਕੇਸ ਬਾਰੇ ਕਾਨੂੰਨੀ ਸਲਾਹ ਨਹੀਂ ਹੈ. ਜੇ ਤੁਹਾਡੇ ਕੋਲ ਕਾਨੂੰਨ ਬਾਰੇ ਕੋਈ ਸਵਾਲ ਹੈ ਜਾਂ ਇਹ ਤੁਹਾਡੇ ਕੇਸ ਤੇ ਕਿਵੇਂ ਲਾਗੂ ਹੁੰਦਾ ਹੈ, ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ.

- ਰਾਸ਼ਟਰੀ ਰਿਲੇਅ ਸੇਵਾ www.relayservice.gov.au
- ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS): 131 450

*ਜਦੋਂ ਇਹ ਤੱਥ ਸ਼ੀਟ "ਤੁਸੀਂ" ਦਾ ਹਵਾਲਾ ਦਿੰਦੀ ਹੈ ਤਾਂ ਇਸਦਾ ਅਰਥ ਬਿਨੈਕਾਰ ਹੁੰਦਾ ਹੈ ਅਤੇ ਤੁਹਾਡੇ ਅਧਿਕਾਰਤ ਪ੍ਰਾਪਤ ਕਰਤਾ, ਪ੍ਰਤੀਨਿਧੀ ਜਾਂ ਸਹਾਇਤਾ ਵਿਅਕਤੀ ਨੂੰ ਸ਼ਾਮਲ ਕਰਦਾ ਹੈ। ਜਦੋਂ ਇਹ "ਅਸੀਂ" ਜਾਂ "ਸਾਡੇ" ਦਾ ਹਵਾਲਾ ਦਿੰਦਾ ਹੈ ਤਾਂ ਇਸਦਾ ਅਰਥ ਹੈ ਏ.ਏ.ਟੀ.।*